***ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।***
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ,
ਚੌਥੀ ਮੰਜਿਲ, ਐਸ.ਏ.ਐਸ. ਨਗਰ।
***(ਸੈਕੰਡਰੀ ਸਿੱਖਿਆ ਸ਼ਾਖਾ)***

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ:ਸਿ:)(ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਪੰਜਾਬ।

ਮੀਮੋ ਨੰਬਰ 13/03-19 ਸੈ:ਸਿ:(4) /2019111999
ਮਿਤੀ: ਸ.ਅ.ਸ.ਨਗਰ:- 9/5/19

ਵਿਸ਼ਾ:- ਪੰਜਾਬ ਸਰਕਾਰ ਪ੍ਰਮਾਣ ਪੱਤਰ 2019(15 ਅਗਸਤ,2019-ਸੁਤੰਤਰਤਾ ਦਿਵਸ ਤੇ) ਦੇਣ ਸਬੰਧੀ ।

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਆਮ ਰਾਜ ਪ੍ਰਬੰਧ ਵਿਭਾਗ(ਰਾਜਨੀਤੀ-ਸ਼ਾਖਾ) ਤੋਂ ਪ੍ਰਾਪਤ ਪੱਤਰ,ਪ੍ਰੋਫਾਰਮਾ ਭੇਜ਼ ਕੇ ਲਿਖਿਆ ਜਾਦਾ ਹੈ ਕਿ ਇਸ ਪ੍ਰੋਫਾਰਮੇ ਤਹਿਤ ਕੇਸ ਹਰ ਪੱਖੋਂ ਮੁਕੰਮਲ ਕਰਨ ਉਪਰੰਤ ਆਪਣੀਆਂ ਸਿਫਾਰਸ਼ਾ ਮਿਤੀ 15-5-2019 ਤੱਕ ਇਸ ਦਫਤਰ ਨੂੰ ਭੇਜੀਆਂ ਜਾਣ ਅਤੇ ਕੀਤੇ ਕੰਮਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਕੁੱਲ 10-10 ਕਾਪੀਆਂ (ਪੰਜਾਬੀ ਅਤੇ ਅੰਗਰੇਜੀ) ਵਿੱਚ ਭੇਜੀਆਂ ਜਾਣ।

ਸਹਾਇਕ ਡਾਇਰੈਕਟਰ(ਸੈ:ਸਿ)

ਨੰ:4/2/2019-4 ਰਾਜ-1/(ਈ22)/144119/1

**<u>ਮਿਤੀ-ਬੱਧ</u>**
**<u>ਅਤਿ ਜਰੂਰੀ</u>**

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤੀ-1 ਸਾਖਾ)

ਮਿਤੀ, ਚੰਡੀਗੜ੍ਹ 15-3-2019

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਡਵੀਜਨਾਂ ਦੇ ਕਮਿਸ਼ਨਰਜ,
2. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ,
3. ਸਕੱਤਰ, ਪੰਜਾਬ ਵਿਧਾਨ ਸਭਾ।

ਵਿਸ਼ਾ:- ਪੰਜਾਬ ਸਰਕਾਰ ਪ੍ਰਮਾਣ ਪੱਤਰ - 2019 (15 ਅਗਸਤ, 2019 - ਸੁਤੰਤਰਤਾ ਦਿਵਸ ਤੇ) ਦੇਣ ਸਬੰਧੀ ਸਿਫਾਰਸ਼ਾਂ ਮੰਗਣ ਬਾਰੇ।

****

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 4/6/98-4ਰਾਜ-1/1221, ਮਿਤੀ 4.2.1999, ਪੱਤਰ ਨੰ: 4/1/2004-4ਰਾਜ-1/967, ਮਿਤੀ 3.2.2005 ਅਤੇ ਪੱਤਰ ਨੰ: 4/5/12-4ਰਾਜ-1/9674, ਮਿਤੀ 18.7.2012 ਵੱਲ ਦਿਵਾਉਂਦੇ ਹੋਏ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਹਰ ਸਾਲ 15 ਅਗਸਤ- ਸੁਤੰਤਰਤਾ ਦਿਵਸ ਦੇ ਮੌਕੇ ਤੇ ਰਾਜ ਪੱਧਰ ਦੇ ਸਮਾਗਮ ਵਿਖੇ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਵੱਲੋਂ ਵਿਸ਼ੇਸ਼ ਖੇਤਰਾਂ ਵਿੱਚ ਉਪਲਬੱਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਬਹਾਦਰੀ ਵਿਖਾਈ ਜਾਂਦੀ ਹੈ, ਨੂੰ ਪੰਜਾਬ ਸਰਕਾਰ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹ ਪ੍ਰਮਾਣ ਪੱਤਰ (ੳ) ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਹੋਰ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿਰੁੱਧ ਅਤੇ ਕਿਸੇ ਕੰਮ ਵਿੱਚ ਵਿਖਾਈ ਗਈ ਵਿਸ਼ੇਸ਼ ਬਹਾਦਰੀ ਵੱਜੋਂ (ਅ) ਸਮਾਜ ਸੇਵਾ (ੲ) ਕਲਾ, ਪ੍ਰਸਿੱਧ ਕਲਾ ਅਤੇ ਸਾਹਿਤ ਅਤੇ (ਸ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤੇ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ/ਪ੍ਰਾਪਤੀਆਂ ਕਰਨ ਵੱਜੋਂ ਪ੍ਰਦਾਨ ਕੀਤੇ ਜਾਂਦੇ ਹਨ, ਜਿਨ੍ਹਾਂ ਲਈ ਪੰਜਾਬ ਸਰਕਾਰ ਦੁਆਰਾ ਸਿਫਾਰਸ਼ਾਂ ਮੰਗੀਆਂ ਜਾਂਦੀਆਂ ਹਨ।

2. ਉਪਰੋਕਤ ਦਰਸਾਏ ਵੱਖ-ਵੱਖ ਖੇਤਰਾਂ ਲਈ ਦਿੱਤੇ ਜਾਣ ਵਾਲੇ ਪ੍ਰਮਾਣ ਪੱਤਰਾਂ ਦੀ ਕੁੱਲ ਗਿਣਤੀ ਸਾਰੇ ਰਾਜ ਲਈ 40 ਨਿਸ਼ਚਿਤ ਕੀਤੀ ਗਈ ਹੈ ਅਤੇ ਇਨ੍ਹਾਂ ਵਿਚੋਂ ਪਹਿਲਾਂ ਵਿਸ਼ੇਸ਼ ਤੌਰ ਤੇ ਬਹਾਦਰੀ ਦੇ ਖੇਤਰ ਲਈ ਇਨਾਮਾਂ ਬਾਰੇ ਅਤੇ ਫਿਰ ਦੂਜੇ ਖੇਤਰਾਂ ਵਿੱਚ ਪ੍ਰਾਪਤ ਕੀਤੀਆਂ ਜਾਂਦੀਆਂ ਉਪਲਬਧੀਆਂ ਲਈ ਇਨਾਮਾਂ ਬਾਰੇ ਵਿਚਾਰ ਅਤੇ ਫੈਸਲਾ ਕੀਤਾ ਜਾਵੇਗਾ, ਪ੍ਰੰਤੂ ਇਨਾਮਾਂ ਦੀ ਕੁਲ ਗਿਣਤੀ 40 ਹੀ ਰਹੇਗੀ। ਹਰੇਕ ਪ੍ਰਮਾਣ ਪੱਤਰ ਦੇ ਨਾਲ ਇੱਕ ਚਾਂਦੀ ਦਾ ਗੋਲਡ ਪਾਲਿਸ਼ਡ ਮੈਡਲ ਅਤੇ ਇੱਕ ਸ਼ਾਲ ਵੀ ਦਿੱਤਾ ਜਾਵੇਗਾ। ਪੰਜਾਬ ਸਰਕਾਰ ਪ੍ਰਮਾਣ ਪੱਤਰ ਅਵਾਰਡੀਜ਼ ਨੂੰ ਬਹਾਦਰੀ ਦੇ ਖੇਤਰ ਵਿੱਚ ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਬਹਾਦਰੀ ਵਿਖਾਉਣ ਵੱਜੋਂ 50,000/-ਰੁਪਏ (ਪੰਜਾਹ ਹਜਾਰ ਰੁਪਏ) ਦਾ ਨਕਦ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹੋਰ ਕਿਸੇ ਕੰਮ ਵਿੱਚ ਵਿਖਾਈ ਗਈ ਵਿਸ਼ੇਸ਼ ਬਹਾਦਰੀ ਦੇ ਕੇਸ ਵਿੱਚ 25,000/-ਰੁਪਏ (ਪੱਚੀ ਹਜਾਰ ਰੁਪਏ) ਦਾ ਨਕਦ ਇਨਾਮ ਦਿੱਤਾ ਜਾਵੇਗਾ। ਦੂਸਰੇ ਖੇਤਰਾਂ ਵਿੱਚ ਜਿਵੇਂ ਕਿ (ੳ) ਸਮਾਜ ਸੇਵਾ (ਅ) ਕਲਾ, ਪ੍ਰਸਿੱਧ ਕਲਾ, ਸਾਹਿਤ, (ੲ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤਿਆਂ ਵਿੱਚ ਪ੍ਰਾਪਤ ਕੀਤੀਆਂ ਗਈਆਂ ਵਿਸ਼ੇਸ਼ ਉਪਲਬੱਧੀਆਂ ਦੇ ਇਵਜ ਵਜੋਂ 11,000/-ਰੁਪਏ (ਗਿਆਰਾ ਹਜਾਰ ਰੁਪਏ) ਦੀ ਨਕਦ ਰਾਸ਼ੀ ਇਨਾਮ ਵੱਜੋਂ ਦਿੱਤੀ ਜਾਵੇਗੀ।

3. ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਜ਼ ਆਪਣੀਆਂ ਸਿਫਾਰਸ਼ਾਂ ਆਪਣੀ ਡਵੀਜਨ ਦੇ ਡਵੀਜਨਲ ਕਮਿਸ਼ਨਰਜ ਰਾਹੀਂ ਹੀ ਭੇਜਣਗੇ। ਇਨ੍ਹਾਂ ਸਿਫਾਰਸ਼ਾਂ ਵਿੱਚ ਸਬੰਧਤ ਵਿਅਕਤੀ ਦੀ ਜੀਵਨੀ, ਬਾਇਓ-ਡਾਟਾ ਅਤੇ ਉਸ

........ ਪੰਨਾ 2

ਵੱਲੋਂ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਉਸ ਦੀਆਂ ਕੁੱਲ 10-10 ਕਾਪੀਆਂ (ਪੰਜਾਬੀ ਅਤੇ ਅੰਗਰੇਜ਼ੀ) ਭੇਜੀਆਂ ਜਾਣ। ਇਹ ਸਿਫਾਰਸ਼ਾਂ ਨਾਲ ਨੱਥੀ ਕੀਤੇ ਅਨੁਲੱਗ ਵਿੱਚ ਮੰਗੀ ਗਈ ਸੂਚਨਾ ਅਨੁਸਾਰ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸਾਖਾ) ਨੂੰ ਮਿਤੀ 15.5.2019 ਤੱਕ ਭੇਜੀਆਂ ਜਾਣ।

4. ਸਮੂਹ ਡਿਪਟੀ ਕਮਿਸ਼ਨਰਜ਼ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਾਰਸਾਂ ਭੇਜਣ ਤੋਂ ਪਹਿਲਾਂ ਸਬੰਧਤ ਵਿਅਕਤੀ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਉਪਰੰਤ ਹੀ ਸਿਫਾਰਸ ਸਰਕਾਰ ਨੂੰ ਭੇਜੀ ਜਾਵੇ।

ਵਿਸ਼ਵਾਸਪਾਤਰ,

ਅਧੀਨ ਸਕੱਤਰ, ਪ੍ਰੋਟੋਕੋਲ 15/3/19

ਨੰ: 4/2/2019-4 ਰਾਜ.1/(ਈ22)/154119/2 ਮਿਤੀ, ਚੰਡੀਗੜ੍ਹ 15-3-2019

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀਆਂ ਸਿਫਾਰਸ਼ਾਂ ਜੇਕਰ ਕੋਈ ਹੋਣ ਤਾਂ ਮਿਤੀ 15.5.2019 ਤੱਕ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ :-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ,
2. ਸਕੱਤਰ/ਨਿੱਜੀ ਸਕੱਤਰ ਸਾਰੇ
   ਕੈਬਨਿਟ ਮੰਤਰੀ ਸਾਹਿਬਾਨ ਪੰਜਾਬ।

ਅਧੀਨ ਸਕੱਤਰ, ਪ੍ਰੋਟੋਕੋਲ 15/3/19

ਨੰ: 4/2/2019-4 ਰਾਜ.1/(ਈ22)/154119/3 ਮਿਤੀ, ਚੰਡੀਗੜ੍ਹ 15-3-2019

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਾਰੇ ਵਿਭਾਗਾਂ ਦੇ ਮੁੱਖੀਆਂ ਨੂੰ ਸੂਚਨਾਂ ਅਤੇ ਜ਼ਰੂਰੀ ਕਾਰਵਾਈ ਲਈ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਿਫਾਰਸਾਂ ਸਬੰਧਤ ਪ੍ਰਬੰਧਕੀ ਸਕੱਤਰਾਂ ਰਾਹੀਂ ਸਰਕਾਰ ਨੂੰ ਨਿਸਚਿਤ ਕੀਤੀ ਮਿਤੀ ਤੱਕ ਭੇਜਣ ਦੀ ਖੇਚਲ ਕਰਨ।

ਅਧੀਨ ਸਕੱਤਰ, ਪ੍ਰੋਟੋਕੋਲ 15/3/19

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਾਰੇ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਿਫਾਰਸ਼ਾਂ ਇਸ ਵਿਭਾਗ ਨੂੰ 15.5.2019 ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਖੇਚਲ ਕਰਨ।

ਅਧੀਨ ਸਕੱਤਰ, ਪ੍ਰੋਟੋਕੋਲ 15/3/19

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 4/2/2019-4 ਰਾਜ. 1/(ਈ22)/154119/4 ਮਿਤੀ, ਚੰਡੀਗੜ੍ਹ 15-3-2019

# ਬਾਇਓਡਾਟ

1. ਨਾਮ :
   (ਪੰਜਾਬੀ ਅਤੇ ਅੰਗਰੇਜੀ ਵਿੱਚ)

2. ਪਿਤਾ/ਪਤੀ ਦਾ ਨਾਂ :

3. ਰਿਹਾਇਸ਼ੀ ਪਤਾ :

4. ਫੋਨ/ਮੋਬਾਇਲ ਨੰ:

5. ਜਨਮ ਮਿਤੀ/ਉਮਰ:

6. ਕਿੱਤਾ (ਜੇਕਰ ਸਰਕਾਰੀ ਕਰਮਚਾਰੀ ਹੈ :
   ਤਾਂ ਅਹੁਦਾ ਅਤੇ ਦਫਤਰ ਦਾ ਪਤਾ)

7. ਸਿਫਾਰਸ਼ ਦਾ ਖੇਤਰ :
   (ਬਹਾਦਰੀ, ਸਮਾਜ ਸੇਵਾ, ਕਲਾ, ਪ੍ਰਸਿੱਧ ਕਲਾ,
   ਸਾਹਿਤ, ਵਿਗਿਆਨ, ਤਕਨਾਲੋਜੀ ਅਤੇ ਹੋਰ
   ਪ੍ਰਵੀਨ ਕਿੱਤੇ)

8. ਕੀ ਪਹਿਲਾਂ ਪੰਜਾਬ ਸਰਕਾਰ ਪ੍ਰਮਾਣ ਪੱਤਰ
   ਮਿਲ ਚੁੱਕਾ ਹੈ?

9. ਵਿਸ਼ੇਸ਼ ਕਥਨ :